Alberta

ਨਿਊਜ਼ ਰਿਲੀਜ਼

# ਕਮਿਊਨਿਟੀ ਜਸਟਿਸ ਦੇ ਚੈਂਪੀਅਨਾਂ ਦੇ ਜਸ਼ਨ ਮਨਾਉਣਾ

12 ਅਪਰੈਲ 2024

ਉਹ ਵਿਅਕਤੀ ਅਤੇ ਸੰਸਥਾਵਾਂ ਜਿਹੜੇ ਸਾਡੀਆਂ ਕਮਿਊਨਿਟੀਆਂ ਨੂੰ ਵਧੇਰੇ ਸੁਰੱਖਿਅਤ ਬਣਾ ਰਹੇ ਹਨ, ਉਨ੍ਹਾਂ ਨੂੰ ਮਾਨਤਾ ਦੇਣ ਵਾਸਤੇ ਐਲਬਰਟਾ ਕਮਿਊਨਿਟੀ ਜਸਟਿਸ ਐਵਾਰਡਾਂ ਲਈ ਨਾਮਜ਼ਦਗੀਆਂ ਹੁਣ ਖੁੱਲ੍ਹੀਆਂ ਹੋਈਆਂ ਹਨ।

ਸਾਰੇ ਹੀਰੋ ਕੇਪ ਨਹੀਂ ਪਹਿਨਦੇ, ਪਰੰਤੂ ਐਲਬਰਟਾ 'ਚ ਉਹ ਹਰ ਰੋਜ਼ ਸਾਡੀਆਂ ਕਮਿਊਨਿਟੀਆਂ ਨੂੰ ਵਧੇਰੇ ਸੁਰੱਖਿਅਤ ਬਣਾ ਰਹੇ ਹਨ। ਹਰੇਕ ਸਾਲ ਐਲਬਰਟਾ ਕਮਿਊਨਿਟੀ ਜਸਟਿਸ ਐਵਾਰਡ ਇੰਨ੍ਹਾਂ ਅਣਗੌਲੇ ਨਾਇਕਾਂ ਉੱਪਰ ਚਾਨਣਾ ਪਾਉਂਦੇ ਹਨ, ਜਿੰਨ੍ਹਾਂ ਦੇ ਨਵੀਨਤਾਕਾਰੀ ਯਤਨ ਅਤੇ ਵਿਲੱਖਣ ਪ੍ਰਕਾਰ ਦੀ ਅਗਵਾਈ ਨੇ ਜ਼ੁਰਮਾਂ ਨੂੰ ਰੋਕਣ 'ਚ ਮਦਦ ਕੀਤੀ ਅਤੇ ਸਾਡੀਆਂ ਕਮਿਊਨਿਟੀਆਂ ਨੂੰ ਸੁਰੱਖਿਅਤ ਰੱਖਿਆ।

ਐਲਬਰਟਾ ਨਿਵਾਸੀਆਂ ਨੂੰ ਉਨ੍ਹਾਂ ਵਿਅਕਤੀਆਂ, ਸੰਸਥਾਵਾਂ, ਬਿਜ਼ਨਸਾਂ ਅਤੇ ਕਮਿਊਨਿਟੀ ਗਰੁੱਪਾਂ ਨੂੰ ਨਾਮਜ਼ਦ ਕਰਨ ਵਾਸਤੇ ਸੱਦਾ ਦਿੱਤਾ ਜਾਂਦਾ ਹੈ, ਜਿੰਨ੍ਹਾਂ ਨੇ ਹੋਰ ਕਮਿਊਨਿਟੀ ਜਸਟਿਸ ਗਤੀਵਿਧੀਆਂ ਅਤੇ ਪਹਿਲਕਦਮੀਆਂ ਦੇ ਨਾਲ ਨਾਲ ਟਿਕਾਊ ਅਤੇ ਅਸਰਦਾਰ ਪ੍ਰਕਾਰ ਦੀ ਜ਼ੁਰਮਾਂ ਦੀ ਰੋਕਥਾਮ, ਵਿਕਟਮ ਸਰਵਿਸਾਂ ਅਤੇ ਰੈਸਟੋਰੇਟਿਵ ਜਸਟਿਸ ਰਾਹੀਂ ਕਮਿਊਨਿਟੀ ਜਸਟਿਸ ਨੂੰ ਵਿਲੱਖਣ ਕਿਸਮ ਦਾ ਯੋਗਦਾਨ ਦਿੱਤਾ।

ਐਵਾਰਡਾਂ ਦੇ ਪ੍ਰਾਪਤਕਰਤਿਆਂ ਦਾ, ਉਨ੍ਹਾਂ ਦੇ ਵਿਲੱਖਣ ਯੋਗਦਾਨ ਕਰਕੇ 28 ਜੂਨ ਨੂੰ ਕੈਮਰੋਜ਼ ਵਿਚ ਇਕ ਸਮਾਰੋਹ 'ਚ ਸਨਮਾਨ ਕੀਤਾ ਜਾਵੇਗਾ ਜਿਸ ਦੀ ਸਾਂਝੀ ਮੇਜ਼ਬਾਨੀ ਕੈਮਰੋਜ਼ ਪੁਲਿਸ ਸਰਵਿਸ ਦੁਆਰਾ ਕੀਤੀ ਜਾਵੇਗੀ।

"ਇਹ ਐਵਾਰਡ ਕੇਵਲ ਵਿਅਕਤੀਆਂ ਅਤੇ ਸੰਸਥਾਵਾਂ ਵੱਲੋਂ ਕੀਤੇ ਗਏ ਕੰਮਾਂ ਨੂੰ ਹੀ ਮਾਨਤਾ ਨਹੀਂ ਦਿੰਦੇ, ਸਗੋਂ ਇਹ ਹੋਰਨਾਂ ਨੂੰ ਸਾਡੀਆਂ ਕਮਿਊਨਿਟੀਆਂ ਨੂੰ ਅਤੇ ਸਾਡੀ ਸਾਂਝੀ ਸੁਰੱਖਿਆ ਨੂੰ ਸਾਕਾਰਾਤਮਿਕ ਕਿਸਮ ਦੇ ਯੋਗਦਾਨ ਦੇਣ ਲਈ ਪ੍ਰੇਰਨਾਂ ਦੇਣ ਦਾ ਕੰਮ ਵੀ ਕਰਦੇ ਹਨ।"
*Mickey Amery, ਮਿਨਿਸਟਰ ਆਫ ਜਸਿਟਸ ਐਂਡ ਅਟਾਰਨੀ ਜਨਰਲ*

"ਐਲਬਰਟਾ ਕਮਿਊਨਿਟੀ ਜਸਟਿਸ ਐਵਾਰਡਾਂ ਰਾਹੀਂ ਅਸੀਂ ਉਨ੍ਹਾਂ ਵਿਅਕਤੀਆਂ ਅਤੇ ਸੰਸਥਾਵਾਂ ਦੇ ਪੂਰਵ-ਸਰਗਰਮ ਯਤਨਾਂ ਦੇ ਜਸ਼ਨ ਮਨਾਉਂਦੇ ਹਾਂ ਜਿਹੜੇ ਆਪਣੀਆਂ ਕਮਿਊਨਿਟੀਆਂ 'ਚ ਬਦਲਾਵ ਲਿਆ ਰਹੇ ਹਨ। ਆਪਣੀ ਵਿਲੱਖਣ ਪ੍ਰਕਾਰ ਦੀ ਅਗਵਾਈ ਅਤੇ ਜ਼ੁਰਮ ਨੂੰ ਰੋਕਣ ਦੀ ਪ੍ਰਤਿਬਧਤਾ ਦਾ ਪ੍ਰਦਰਸ਼ਨ ਕਰਨ ਦੁਆਰਾ ਉਹ ਸਾਰੇ ਐਲਬਰਟਾ ਨਿਵਾਸੀਆਂ ਵਾਸਤੇ ਵਧੇਰੇ ਸੁਰੱਖਿਅਤ ਕਮਿਊਨਿਟੀਆਂ ਨੂੰ ਬੜ੍ਹਾਵਾ ਦੇ ਰਹੇ ਹਨ।"
*Mike Ellis, ਮਿਨਿਸਟਰ ਆਫ ਪਬਲਿਕ ਸੇਫਟੀ ਐਂਡ ਐਮਰਜੈਂਸੀ ਸਰਵਿਸਿਜ਼*

# ਨਿਊਜ਼ ਰਿਲੀਜ਼

ਇਸ ਸਾਲ ਦੇ ਪੁਰਸਕਾਰਾਂ 'ਚ ਵਾਧਾ ਇਕ ਨਵੇਂ ਐਵਾਰਡ ਦੀ ਸ਼ੁਰੂਆਤ ਕਰਨਾਂ ਹੈ ਜੋ ਉਨ੍ਹਾਂ ਨੂੰ ਮਾਨਤਾ ਦਿੰਦਾ ਹੈ ਜਿੰਨ੍ਹਾਂ ਨੇ ਐਲਬਰਟਾ 'ਚ ਨਿਆਂ ਦੀ ਪ੍ਰਦਾਨਗੀ 'ਚ ਵੱਡੀ ਪੱਧਰ ਦਾ ਯੋਗਦਾਨ ਪਾਇਆ ਹੈ। ਇਹ ਐਨਹਾਂਸਡ ਜਸਟਿਸ ਐਵਾਰਡ ਉਨ੍ਹਾਂ ਵਿਅਕਤੀਆਂ ਅਤੇ ਸੰਸਥਾਵਾਂ ਨੂੰ ਸਨਮਾਨਤ ਕਰੇਗਾ ਜਿੰਨ੍ਹਾਂ ਦੇ ਨਵੀਨਤਾਪੂਰਨ ਯਤਨਾਂ ਨੇ ਉਨ੍ਹਾਂ ਦੀਆਂ ਕਮਿਊਨਿਟੀਆਂ 'ਚ ਵਾਜਬ ਅਤੇ ਪਹੁੰਚਯੋਗ ਨਿਆਂ ਪ੍ਰਬੰਧ ਨੂੰ ਸਮਰਥਨ ਦਿੱਤਾ ਹੈ।

ਯੂਥ ਜਸਟਿਸ ਕਮੇਟੀਆਂ ਤੋਂ ਲੈ ਕੇ ਵਿਕਟਿਮ ਸਰਵਿਸ ਗਰੁੱਪਾਂ ਤੱਕ, ਨਾਮਜ਼ਦ ਵਿਅਕਤੀ/ਸੰਸਥਾਵਾਂ ਵੱਖ ਵੱਖ ਕੈਟੇਗਰੀਆਂ ਤੱਕ ਫੈਲਦੇ ਦਿਸਣਗੇ, ਜਿੰਨ੍ਹਾਂ 'ਚ ਸ਼ਾਮਲ ਹਨ ਇੰਮਰਜਿੰਗ ਐਕਸੇਲੈਂਸ, ਇੰਨੋਵੇਸ਼ਨ, ਸਰਵਿਸ ਐਨਹਾਂਸਮੈਂਟ, ਪਾਰਟਨਰਸ਼ਿੱਪਸ ਅਤੇ ਕੋਲੈਬੋਰੇਸ਼ਨ, ਨਾਲ ਦੀ ਨਾਲ ਨਵਾਂ ਸ਼ੁਰੂ ਕੀਤਾ ਐਨਹਾਂਸਿੰਗ ਜਸਟਿਸ ਐਵਾਰਡ।

ਹੱਕਦਾਰ ਬਣਦੇ ਵਿਅਕਤੀ ਜਾਂ ਸੰਸਥਾ ਨੂੰ ਨਾਮਜ਼ਦ ਕਰਨ ਲਈ ਬੇਨਤੀ ਪੱਤਰ ਜ਼ਰੂਰੀ ਤੌਰ 'ਤੇ 15 ਮਈ ਤੱਕ ਭੇਜੇ ਜਾਣੇ ਚਾਹੀਦੇ ਹਨ।

**ਸਬੰਧਤ ਜਾਣਕਾਰੀ**

- ਨਾਮੀਨੇਸ਼ਨ ਫਾਰਮ: ਐਲਬਰਟਾ ਕਮਿਊਨਿਟੀ ਜਸਟਿਸ ਐਵਾਰਡਜ਼
- ਐਲਬਰਟਾ ਕਮਿਊਨਿਟੀ ਜਸਟਿਸ ਐਵਾਰਡਜ਼

**ਮੀਡੀਆ ਇੰਨਕੁਆਰੀਆਂ**

Chinenye Anokwuru
Chinenye.Anokwuru@gov.ab.ca
(780) 720-1915
ਸੀਨੀਅਰ ਪ੍ਰੈੱਸ ਸੈਕਰੇਟਰੀ, ਜਸਟਿਸ

Arthur Green
Arthur.Green@gov.ab.ca
587-357-0108
ਪ੍ਰੈੱਸ ਸੈਕਰੇਟਰੀ, ਪਬਲਿਕ ਸੇਫਟੀ ਐਂਡ ਐਮਰਜੈਂਸੀ ਸਰਵਿਸਿਜ਼